# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ)(ਸੈ:ਸਿ)(ਐ.ਸਿ)
ਪੰਜਾਬ
ਰਾਜ ਦੇ ਸਮੂਹ ਸੀ.ਸੈਕੰ/ਹਾਈ/ਮਿਡਲ/ਸਕੂਲਾਂ ਦੇ ਮੁੱਖੀ(ਵੈੱਬ ਸਾਈਟ ਰਾਂਹੀਂ)

ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/28453-28472 ਮਿਤੀ: ਚੰਡੀਗੜ੍ਹ: 06.03.2010

ਹਵਾਲਾ: ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/27516-27555 ਮਿਤੀ:ਚੰਡੀਗੜ੍ਹ 26.02.2010
ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/27831-27870
ਮਿਤੀ:ਚੰਡੀਗੜ੍ਹ 02.03.2010

**ਵਿਸ਼ਾ: ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਮਾਰਚ 2010 ਵਿੱਚ ਨਕਲ ਸੰਬੰਧੀ**

1.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਹਵਾਲੇ ਅਧੀਨ ਪਹਿਲਾ ਜਾਰੀ ਕੀਤੇ ਗਏ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਨੂੰ ਭਰੋਸੇਯੋਗ ਸੂਤਰਾਂ ਤੋ ਪਤਾ ਲੱਗਿਆ ਹੈ ਕਿ ਸਾਲਾਨਾ ਪ੍ਰੀਖਿਆਵਾਂ ਦੋਰਾਨ ਪ੍ਰੀਖਿਆ ਕੇਂਦਰਾਂ ਵਿੱਚ ਸੰਬੰਧਤ ਸਕੂਲ ਦੇ ਅਧਿਆਪਕਾਂ ਵੱਲੋ ਨਕਲ ਕਰਵਾਈ ਜਾਂਦੀ ਹੈ, ਜੋ ਕਿ ਨਾ-ਕਾਬਲੇ ਬਰਦਾਸ਼ਤ ਹੈ।ਇਸ ਲਈ ਆਪ ਸਭ ਨੂੰ ਇਹ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਸਕੂਲ ਦਾ ਅਧਿਆਪਕ ਨਕਲ ਕਰਵਾਉਣ ਵਿੱਚ ਭਾਗੀਦਾਰ ਪਾਇਆ ਗਿਆ ਤਾਂ ਸੰਬੰਧਤ ਅਧਿਆਪਕ ਅਤੇ ਸੰਬੰਧਤ ਕੇਂਦਰ ਕੰਟਰੋਲਰ ਦੇ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ

3.0 ਕੇਂਦਰ ਕੰਟਰੋਲਰ ਇਹ ਯਕੀਨੀ ਬਣਾਵੇਗਾ ਕਿ ਪ੍ਰੀਖਿਆ ਕੇਂਦਰ ਵਿੱਚ ਅਤੇ ਪ੍ਰੀਖਿਆ ਕੇਂਦਰ ਦੇ ਬਾਹਰ ਕਿਸੀ ਤਰ੍ਹਾਂ ਦੀ ਕੋਈ ਬਾਹਰੀ ਦਖਲਅੰਦਾਜੀ ਨਾ ਹੋਵੇ, ਇਸ ਸੰਬੰਧੀ ਸਥਾਨਕ ਪੁਲਿਸ ਅਧਿਕਾਰੀਆਂ(ਜਰੂਰਤ ਪੈਣ ਤੇ ਡਿਪਟੀ ਕਮਿਸ਼ਨਰ/ਜਿਲ੍ਹਾ ਪੁਲਿਸ ਮੁੱਖੀ) ਨਾਲ ਨਿਜੀ ਤੌਰ ਤੇ ਸੰਪਰਕ ਸਥਾਪਤ ਕਰਕੇ ਲੋੜੀਂਦਾ ਪ੍ਰਬੰਧ ਕਰਵਾਇਆ ਜਾਵੇ।

4.0 ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰੀਖਿਆ ਕੇਂਦਰਾਂ ਵਿੱਚ ਨਿਗਰਾਨ ਅਮਲਾ ਅਤੇ ਪ੍ਰੀਖਿਆਰਥੀਆਂ ਕੋਲ ਮੋਬਾਇਲ ਫੋਨ ਨਾ ਹੋਵੇ, ਮੋਬਾਇਲਾਂ ਨੂੰ ਪ੍ਰੀਖਿਆ ਕੇਂਦਰ ਤੋਂ ਬਾਹਰ ਕੇਂਦਰ ਕੰਟਰੋਲ ਕੋਲ ਦਫਤਰ ਵਿੱਚ ਜਮਾਂ ਕਰਵਾਇਆ ਜਾਵੇ ਅਤੇ ਪੇਪਰ ਖਤਮ ਹੋਣ ਤੋਂ ਬਾਅਦ ਮੋਬਾਇਲ ਫੋਨ ਵਾਪਸ ਕੀਤੇ ਜਾਣ।

5.0 ਕੇਂਦਰ ਸੁਪਰਡੰਟ, ਉਪ-ਸੁਪਰਡੰਟ ਅਤੇ ਨਿਗਰਾਨ ਅਮਲੇ ਵੱਲੋ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕੋਈ ਹੋਰ ਅਨਸਰ ਕਿਸੀ ਦੂਜੇ ਪ੍ਰੀਖਿਆਰਥੀ ਦੀ ਥਾਂ ਤੇ ਪ੍ਰੀਖਿਆ ਵਿੱਚ ਨਾ ਬੈਠਾ ਹੋਵੇ।

6.0 ਉਪਰੋਕਤ ਹਦਾਇਤਾਂ ਦੀ ਇਨ-ਬਿਨ ਪਾਲਨਾ ਕੀਤੀ ਜਾਵੇ। ਕੋਤਾਹੀ ਕਰਨ ਵਾਲੇ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਵਾ: ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/ 28473-28476 ਮਿਤੀ: ਚੰਡੀਗੜ੍ਹ: 06.03.2010

ਉਪਰੋਕਤ ਦਾ ਹਵਾਲਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਕੰਟਰੋਲਰ ਪ੍ਰੀਖਿਆਵਾਂ, ਪੰ.ਸ.ਸਿ.ਬੋਰਡ, ਮੋਹਾਲੀ
2. ਮੰਡਲ ਸਿੱਖਿਆ ਅਫਸਰ, ਪਟਿਆਲਾ,ਫਰੀਦਕੋਟ ਅਤੇ ਜਲੰਧਰ

ਵਾ: ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ